
# ਬਾਣੀ ਨਿਰੰਕਾਰ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਰੋਜ਼ਾਨਾ ਹੁਕਮਨਾਮਾ



ਬਾਣੀ ਨਿਰੰਕਾਰ ਐਪ ਹੁਣ ਅੰਗ੍ਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ ਉਪਲਬਧ ਹੈ।

## ਪਾਕਿਸਤਾਨ ਦਾ ਪਹਿਲਾ ਸਿੱਖ ਲੈਫਟੀਨੈਂਟ ਕਰਨਲ : ਹਰਚਰਨ ਸਿੰਘ - ਪੰਨਾ 2



## 8 ਸਾਲ ਦਾ ਰਣਵੀਰ ਸਚਦੇਵਾ ਬਣਿਆ ਸੱਭ ਤੋਂ ਘੱਟ ਉਮਰ ਦਾ ਕੀਨੋਟ ਸਪੀਕਰ - ਪੰਨਾ 3



## ਵਿਸ਼ੇਸ਼ ਇੰਟਰਵਿਊ ਪੜ੍ਹੋ - ਸਮਰਪਣ ਅਤੇ ਸੰਘਰਸ਼ ਦਾ ਸਫ਼ਰ - ਭਾਈ ਕੁਲਜੀਤ ਸਿੰਘ ਖਾਲਸਾ ਜੀ - ਪੰਨਾ 5





## 7 ਸਾਲਾਂ ਦੇ ਕਰਮਨਬੀਰ ਸਿੰਘ ਨੇ ਰਚਿਆ ਇਤਿਹਾਸ - ਪੰਨਾ 2

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਆਡੀਓ ਸੁਣੋ - ਪੰਨਾ 3

## ਮਾਰਚ ਮਹੀਨੇ ਦਾ ਸਿੱਖ ਕਲੰਡਰ ਦੇਖੋ - ਪੰਨਾ 6



## ਸਾਖੀ ਪੜ੍ਹੋ ਬਾਬਾ ਦਾਤੂ ਜੀ ਦੀ ਈਰਖ਼ਾ - ਪੰਨਾ 6

## ਗੁਰਦੁਆਰਾ ਚਮਕੌਰ ਸਾਹਿਬ ਦਾ ਇਤਿਹਾਸ ਪੜ੍ਹੋ - ਪੰਨਾ 8

DOWNLOAD OUR APP

Download on the App Store

GET IT ON Google Play

www.baninirankar.com

Further Queries use email :
support@baninirankar.com
For Support Call :
90 51 50 1313

JOIN US NOW
/BaniNirankar13

# ਪਾਕਿਸਤਾਨ ਦਾ ਪਹਿਲਾ ਸਿੱਖ ਲੈਫਟੀਨੈਂਟ ਕਰਨਲ : ਹਰਚਰਨ ਸਿੰਘ

ਪਾਕਿਸਤਾਨੀ ਸਿੱਖ ਅਫ਼ਸਰ ਹਰਚਰਨ ਸਿੰਘ ਨੇ ਪਾਕਿਸਤਾਨੀ ਫੌਜ ਵਿੱਚ ਇਤਿਹਾਸ ਰਚ ਦਿੱਤਾ ਹੈ। ਹਰਚਰਨ ਸਿੰਘ, ਜੋ ਪਾਕਿਸਤਾਨੀ ਥਲ ਸੈਨਾ ਵਿੱਚ ਸੇਵਾ ਨਿਭਾਉਂਦਾ ਹੋਇਆ ਇਤਿਹਾਸ ਸਿਰਜਣ ਵਾਲਾ ਪਹਿਲਾ ਪਾਕਿਸਤਾਨੀ ਸਿੱਖ ਬਣਿਆ ਸੀ, ਨੇ ਹੁਣ ਇੱਕ ਹੋਰ ਮਹੱਤਵਪੂਰਨ ਉਪਲਬਧੀ ਆਪਣੇ ਨਾਮ ਕਰ ਲਈ ਹੈ। ਉਹ ਲੈਫ਼ਟੀਨੈਂਟ ਕਰਨਲ ਦਾ ਰੈਂਕ ਹਾਸਲ ਕਰਨ ਵਾਲਾ ਪਹਿਲਾ ਸਿੱਖ ਬਣ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਸੰਨ 1987 ਵਿੱਚ ਜਨਮੇ ਹਰਚਰਨ ਸਿੰਘ ਨੇ ਹੁਣ ਲੈਫ਼ਟੀਨੈਂਟ ਕਰਨਲ ਦਾ ਅਹੁਦਾ ਹਾਸਲ ਕਰ ਲਿਆ ਹੈ। ਉਨ੍ਹਾਂ ਦਾ ਪਾਲਣ-ਪੋਸ਼ਣ ਸਿੱਖ ਸਿਧਾਂਤਾਂ, ਰਹਿਤ-ਮਰਿਆਦਾ ਅਤੇ ਅਨੁਸ਼ਾਸਨ ਭਰੇ ਮਾਹੌਲ ਵਿੱਚ ਹੋਇਆ ਹੈ। ਉਨ੍ਹਾਂ ਦੀ ਲੈਫ਼ਟੀਨੈਂਟ ਕਰਨਲ ਵਜੋਂ ਤਰੱਕੀ ਨੂੰ 2025 ਦੇ ਅਖੀਰ ਵਿੱਚ ਹੋਏ ਸਖ਼ਤ ਸਿਲੈਕਸ਼ਨ ਬੋਰਡ ਮੁਲਾਂਕਣ ਤੋਂ ਬਾਅਦ ਮਨਜ਼ੂਰੀ ਦਿੱਤੀ ਗਈ ਹੈ। ਹਰਚਰਨ ਸਿੰਘ ਦੀ ਇਹ ਤਰੱਕੀ ਇਤਿਹਾਸਕ ਮੰਨੀ ਜਾ ਰਹੀ ਹੈ। ਲੈਫ਼ਟੀਨੈਂਟ ਕਰਨਲ ਹਰਚਰਨ ਸਿੰਘ ਨੇ ਸਿਰਫ਼ 20 ਸਾਲ ਦੀ ਉਮਰ ਵਿੱਚ ਪਾਕਿਸਤਾਨੀ ਫੌਜ ਵਿੱਚ ਭਰਤੀ ਹੋ ਕੇ ਆਪਣੀ ਸੇਵਾ ਦੀ ਸ਼ੁਰੂਆਤ ਕੀਤੀ ਸੀ। ਉਨ੍ਹਾਂ ਨੂੰ ਅਕਤੂਬਰ 2007 ਵਿੱਚ 116ਵੇਂ ਪੀ.ਐੱਮ.ਏ. ਲਾਂਗ ਕੋਰਸ ਰਾਹੀਂ ਕਮਿਸ਼ਨ ਪ੍ਰਾਪਤ ਹੋਇਆ। ਉਨ੍ਹਾਂ ਦੀ ਲਗਨ, ਮਿਹਨਤ ਅਤੇ ਕਾਬਲਿਅਤ ਨੂੰ ਧਿਆਨ ਵਿੱਚ ਰੱਖਦਿਆਂ ਹੁਣ ਉਨ੍ਹਾਂ ਨੂੰ ਲੈਫ਼ਟੀਨੈਂਟ ਕਰਨਲ ਦੇ ਅਹੁਦੇ ਨਾਲ ਨਿਵਾਜਿਆ ਗਿਆ ਹੈ। ਮੌਜੂਦਾ ਸਮੇਂ ਲੈਫ਼ਟੀਨੈਂਟ ਕਰਨਲ ਹਰਚਰਨ ਸਿੰਘ ਪਾਕਿਸਤਾਨ ਦੇ ਖ਼ੈਬਰ ਪਖ਼ਤੂਨਖਵਾ ਪ੍ਰਾਂਤ ਦੇ ਹਜ਼ਾਰਾ ਡਿਵੀਜ਼ਨ ਅਧੀਨ ਆਉਂਦੇ ਸ਼ਹਿਰ ਐਬਟਾਬਾਦ ਵਿੱਚ ਤਾਇਨਾਤ ਹਨ। ਉਨ੍ਹਾਂ ਦੀ ਇਹ ਉਪਲਬਧੀ ਪਾਕਿਸਤਾਨੀ ਫੌਜ ਵਿੱਚ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਵਜੋਂ ਵੇਖੀ ਜਾ ਰਹੀ ਹੈ।






# 7 ਸਾਲਾਂ ਦੇ ਕਰਮਨਬੀਰ ਸਿੰਘ ਨੇ ਰਚਿਆ ਇਤਿਹਾਸ

ਪੰਜਾਬ ਲਈ ਇਹ ਬੇਹੱਦ ਮਾਣ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਗੁਰਦਾਸਪੁਰ ਦੇ ਇਕ ਨੰਨੇ ਬੱਚੇ ਕਰਮਨਬੀਰ ਸਿੰਘ ਨੇ ਆਪਣੀ ਅਦਭੁੱਤ ਯਾਦਸ਼ਕਤੀ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੇਵਲ 3 ਮਿੰਟ 35 ਸਕਿੰਟ ਵਿੱਚ ਦੁਨੀਆ ਦੇ 195 ਦੇਸ਼ਾਂ ਦੇ ਨਾਮ ਬਿਨਾਂ ਕਿਸੇ ਗ਼ਲਤੀ ਦੇ ਬੋਲ ਕੇ ਇਕ ਵਿਲੱਖਣ ਰਿਕਾਰਡ ਕਾਇਮ ਕੀਤਾ ਹੈ। ਇਸ ਸ਼ਾਨਦਾਰ ਕਾਰਨਾਮੇ ਨਾਲ ਬੱਚੇ ਦਾ ਨਾਮ ਇੰਡੀਆ ਰਿਕਾਰਡ ਬੁੱਕ ਵਿੱਚ ਦਰਜ ਕਰ ਲਿਆ ਗਿਆ ਹੈ। ਛੋਟੀ ਉਮਰ ਵਿੱਚ ਹਾਸਲ ਕੀਤੀ ਗਈ ਇਸ ਵੱਡੀ ਉਪਲਬਧੀ ਨਾਲ ਨਾ ਸਿਰਫ਼ ਬੱਚੇ ਦੇ ਪਰਿਵਾਰ ਵਿੱਚ, ਸਗੋਂ ਪੂਰੇ ਪੰਜਾਬ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ। ਕਰਮਨਬੀਰ ਸਿੰਘ ਦੀ ਉਮਰ ਕੇਵਲ 7 ਸਾਲ ਹੈ। ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਤੈਨਾਤ ਸਹਾਇਕ ਪ੍ਰੋਫੈਸਰ ਡਾ. ਤੇਜਬੀਰ ਸਿੰਘ ਅਤੇ ਡਾ. ਨਿਧੀ ਦਾ ਸਪੁੱਤਰ ਹੈ। ਉਸ ਦੀ ਇਸ ਕਾਬਲ-ਏ-ਤਾਰੀਫ਼ ਪ੍ਰਾਪਤੀ ਲਈ ਸ਼ਹਿਰ ਵਾਸੀਆਂ, ਸਮਾਜਿਕ ਸੰਸਥਾਵਾਂ, ਸਿੱਖਿਆ ਅਤੇ ਬੁੱਧੀਜੀਵੀ ਵਰਗ ਵੱਲੋਂ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਇਸ ਨੰਨੇ ਬੱਚੇ ਦੀ ਕਾਮਯਾਬੀ ਨੇ ਸਾਬਤ ਕਰ ਦਿੱਤਾ ਹੈ ਕਿ ਸਹੀ ਮਾਰਗਦਰਸ਼ਨ, ਪਰਿਵਾਰਕ ਸਹਿਯੋਗ ਅਤੇ ਲਗਨ ਨਾਲ ਛੋਟੀ ਉਮਰ ਵਿੱਚ ਵੀ ਵੱਡੇ ਮੁਕਾਮ ਹਾਸਲ ਕੀਤੇ ਜਾ ਸਕਦੇ ਹਨ। ਇਹ ਉਪਲਬਧੀ ਨਾ ਸਿਰਫ਼ ਬੱਚਿਆਂ ਲਈ, ਸਗੋਂ ਪੂਰੇ ਸਮਾਜ ਅਤੇ ਨੌਜਵਾਨ ਪੀੜ੍ਹੀ ਲਈ ਵੀ ਇਕ ਵੱਡੀ ਪ੍ਰੇਰਣਾ ਹੈ।





ਗੁਰਮੁਖੀ , ਹਿੰਦੀ ਅਤੇ ਅੰਗ੍ਰੇਜ਼ੀ ਭਾਸ਼ਾ ਵਿੱਚ ਬਾਣੀ ਪੜ੍ਹ ਸਕਦੇ ਹੋ

# 8 ਸਾਲ ਦਾ ਰਣਵੀਰ ਸਚਦੇਵਾ ਬਣਿਆ ਸੱਭ ਤੋਂ ਘੱਟ ਉਮਰ ਦਾ ਕੀਨੋਟ ਸਪੀਕਰ

ਅੱਠ ਸਾਲ ਦੇ ਕੋਡਰ ਰਣਵੀਰ ਸਚਦੇਵਾ ਇੰਡੀਆ AI ਇਮਪੈਕਟ ਸਮਿਟ 2026 ਵਿੱਚ ਸਭ ਤੋਂ ਘੱਟ ਉਮਰ ਦੇ ਕੀਨੋਟ ਸਪੀਕਰ ਬਣ ਕੇ ਨੌਜਵਾਨ ਪੀੜ੍ਹੀ ਅਤੇ ਬੱਚਿਆਂ ਲਈ ਪ੍ਰੇਰਣਾ ਸਰੋਤ ਬਣ ਗਏ ਹਨ। ਉਨ੍ਹਾਂ ਨੇ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਗਲੋਬਲ ਟੈਕ ਲੀਡਰਾਂ ਅਤੇ ਨੀਤੀ-ਘੜਨ ਵਾਲਿਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਪੁਰਾਤਨ ਭਾਰਤੀ ਫਿਲਾਸਫੀ ਅਤੇ ਆਧੁਨਿਕ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਦੇ ਸੁਮੇਲ 'ਤੇ ਚਰਚਾ ਕੀਤੀ ਅਤੇ ਇਹ ਵੀ ਦੱਸਿਆ ਕਿ ਭਾਰਤ ਦਾ AI ਨਜ਼ਰੀਆ ਹੋਰ ਦੇਸ਼ਾਂ ਨਾਲੋਂ ਕਿਵੇਂ ਵੱਖਰਾ ਹੈ। ਰਣਵੀਰ ਦਾ ਸੈਸ਼ਨ ਭਾਰਤ ਦੀ ਸਭਿਆਤਾਗਤ ਗਿਆਨ ਪ੍ਰਣਾਲੀ ਅਤੇ ਨਵੀਂ AI ਟੈਕਨਾਲੋਜੀ ਵਿਚਕਾਰ ਸਬੰਧ ਬਣਾਉਣ 'ਤੇ ਕੇਂਦਰਿਤ ਸੀ। ਉਨ੍ਹਾਂ ਨੇ ਸਮਝਾਇਆ ਕਿ ਵੱਖ-ਵੱਖ ਦੇਸ਼ AI ਨੂੰ ਅਲੱਗ-ਅਲੱਗ ਰਣਨੀਤਕ ਦਿਸ਼ਾਵਾਂ ਵਿੱਚ ਵਿਕਸਤ ਕਰ ਰਹੇ ਹਨ ਅਤੇ ਭਾਰਤ ਦੇ ਖ਼ਾਸ ਵਿਕਾਸ ਮਾਡਲ 'ਤੇ ਵੀ ਜ਼ੋਰ ਦਿੱਤਾ। ਉਹ AI ਸਾਖਰਤਾ ਨੂੰ ਉਤਸ਼ਾਹਿਤ ਕੀਤਾ ਅਤੇ ਭਾਰਤ ਦੀ ਆਰਥਿਕ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਇੱਕ ਨਵੇਂ ਲਾਂਚ ਕੀਤੇ ਗਏ 'ਇੰਡੀਅਨ AI ਮਾਡਲ' 'ਤੇ ਕੰਮ ਕਰ ਰਹੇ ਹਨ। ਸਮਿਟ ਦੌਰਾਨ ਉਹ ਗੂਗਲ ਦੇ CEO ਸੁੰਦਰ ਪਿਚਾਈ ਅਤੇ OpenAI ਦੇ CEO ਸੈਮ ਆਲਟਮੈਨ ਨੂੰ ਮਿਲੇ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸੇਲਜ਼ਫੋਰਸ ਦੇ CEO ਮਾਰਕ ਬੇਨੀਓਫ ਅਤੇ ITU ਦੀ ਸੈਕਟਰੀ-ਜਨਰਲ ਡੋਰੇਨ ਬੋਗਡਾਨ-ਮਾਰਟਿਨ ਨਾਲ ਵੀ ਗੱਲਬਾਤ ਕੀਤੀ ਸੀ। 2024 ਵਿੱਚ ਉਨ੍ਹਾਂ ਨੇ ਸੰਯੁਕਤ ਰਾਸ਼ਟਰ ਦੇ ਸੈਕਟਰੀ-ਜਨਰਲ ਐਂਟੋਨੀਓ ਗੁਟੇਰੇਸ ਨਾਲ ਵੀ ਮੁਲਾਕਾਤ ਕੀਤੀ ਸੀ। ਉਨ੍ਹਾਂ ਦੇ ਸਭ ਤੋਂ ਯਾਦਗਾਰ ਪਲਾਂ ਵਿੱਚੋਂ ਇੱਕ 2023 ਵਿੱਚ ਆਇਆ, ਜਦੋਂ ਉਹ ਐਪਲ ਦੇ ਦਿੱਲੀ ਸਟੋਰ ਦੇ ਉਦਘਾਟਨ ਸਮੇਂ ਐਪਲ ਦੇ CEO ਟਿਮ ਕੁੱਕ ਨੂੰ ਮਿਲੇ। ਉਸ ਮੌਕੇ ਉਨ੍ਹਾਂ ਨੇ ਕੇਵਲ ਪੰਜ ਸਾਲ ਦੀ ਉਮਰ ਵਿੱਚ ਆਪਣੀ ਕੋਡਿੰਗ ਸਮਰੱਥਾ ਦਾ ਪ੍ਰਦਰਸ਼ਨ ਕੀਤਾ ਸੀ। ਸਰਦਾਰ ਬੱਚਾ ਰਣਵੀਰ ਸਿੰਘ ਸਚਦੇਵਾ ਨੂੰ ਟੈਕ ਸਮਿਟਾਂ ਤੋਂ ਇਲਾਵਾ ਵੀ ਵਿਸ਼ਵ ਪੱਧਰ 'ਤੇ ਖਾਸ ਪਛਾਣ ਮਿਲੀ ਹੈ। ਇਸ ਤੋਂ ਇਲਾਵਾ ਉਹ ਕੇਵਲ ਛੇ ਸਾਲ ਦੀ ਉਮਰ ਵਿੱਚ ਦੁਨੀਆ ਦੇ ਸਭ ਤੋਂ ਘੱਟ ਉਮਰ ਦੇ TEDx ਸਪੀਕਰ ਬਣੇ, ਜੋ ਆਪਣੇ ਆਪ ਵਿੱਚ ਇਕ ਅਦਭੁਤ ਉਪਲਬਧੀ ਹੈ। ਇੰਨੀ ਛੋਟੀ ਉਮਰ ਵਿੱਚ ਇਸ ਤਰ੍ਹਾਂ ਦੀ ਵਿਗਿਆਨਕ ਸੋਚ ਅਤੇ ਨਵੀਨਤਾ ਉਨ੍ਹਾਂ ਦੀ ਅਸਾਧਾਰਣ ਪ੍ਰਤਿਭਾ ਦਾ ਪ੍ਰਮਾਣ ਹੈ। ਰਣਵੀਰ ਸਚਦੇਵਾ ਦੀ ਮੌਜੂਦਗੀ ਇਹ ਸਾਬਤ ਕਰਦੀ ਹੈ ਕਿ ਹੁਨਰ ਉਮਰ ਦੀ ਮੁਥਾਜ ਨਹੀਂ ਹੁੰਦਾ।







ਇਸ਼ਤਿਹਾਰ ਲਗਾਉਣ ਲਈ ਸੰਪਰਕ ਕਰੋ

support@baniniirankar.com



# ਗੁਰਬਾਣੀ ਕੀਰਤਨ ਸੁਣਨ ਲਈ ਕਲਿੱਕ ਕਰੋ

















# ਨਿਤਨੇਮ ਸੁਣਨ ਲਈ ਕਲਿੱਕ ਕਰੋ




















# ਭਗਤ ਸਾਹਿਬਾਨ ਜੀ ਦਾ ਜੀਵਨ ਇਤਿਹਾਸ ਸੁਣਨ ਲਈ ਕਲਿੱਕ ਕਰੋ
















# ਕਥਾ ਸੁਣਨ ਲਈ ਕਲਿੱਕ ਕਰੋ















# ਸਮਰਪਣ ਅਤੇ ਸੰਘਰਸ਼ ਦਾ ਸਫ਼ਰ - ਭਾਈ ਕੁਲਜੀਤ ਸਿੰਘ ਖਾਲਸਾ ਜੀ





**For Classes, Contact:**
**9463126337 , 9781253020**

ਸਿੱਖ ਧਰਮ ਵਿੱਚ ਗੁਰਮਤਿ ਸੰਗੀਤ ਸਿਰਫ਼ ਸੁਰ ਅਤੇ ਤਾਲ ਦਾ ਮੇਲ ਨਹੀਂ, ਸਗੋਂ ਰੂਹ ਨੂੰ ਪਰਮਾਤਮਾ ਨਾਲ ਜੋੜਨ ਦਾ ਰਾਹ ਹੈ। ਇਸ ਰਾਹ ਨੂੰ ਆਪਣੀ ਜੀਵਨ-ਸਾਧਨਾ ਬਣਾਉਣ ਵਾਲੇ ਭਾਈ ਕੁਲਜੀਤ ਸਿੰਘ ਖਾਲਸਾ ਜੀ ਗੁਰਮਤਿ ਸੰਗੀਤ ਦੇ ਪ੍ਰਸਿੱਧ ਤਬਲਾਵਾਦਕ, ਕੀਰਤਨੀਏ ਅਤੇ ਅਧਿਆਪਕ ਹਨ। ਉਨ੍ਹਾਂ ਦੀ ਜੀਵਨ ਯਾਤਰਾ ਸੰਘਰਸ਼, ਸਖ਼ਤ ਮਿਹਨਤ ਅਤੇ ਨਿਮਰਤਾ ਦੀ ਜੀਵੰਤ ਮਿਸਾਲ ਹੈ। ਭਾਈ ਸਾਹਿਬ ਜੀ ਦਾ ਜਨਮ 1983 ਵਿੱਚ ਸਹਾਰਨਪੁਰ (ਉੱਤਰ ਪ੍ਰਦੇਸ਼) ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਜੀ ਭਾਈ ਰਜਿੰਦਰ ਸਿੰਘ ਜੀ ਕੋਮਲ (ਲੁਧਿਆਣੇ ਵਾਲੇ) ਪ੍ਰਸਿੱਧ ਕੀਰਤਨੀਏ ਹਨ ਅਤੇ ਮਾਤਾ ਹਰਜੀਤ ਕੌਰ ਜੀ ਹਨ। 1985 ਵਿੱਚ ਪਰਿਵਾਰ ਪੰਜਾਬ (ਲੁਧਿਆਣੇ) ਆ ਗਿਆ। ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਗੁਰਸਿੱਖੀ ਨਾਲ ਭਰਪੂਰ ਰੂਹਾਨੀ ਮਾਹੌਲ ਨੇ ਬਚਪਨ ਤੋਂ ਹੀ ਉਨ੍ਹਾਂ ਦੇ ਮਨ ਵਿੱਚ ਸੰਗੀਤ ਅਤੇ ਸਿੱਖੀ ਪ੍ਰਤੀ ਡੂੰਘੀ ਸ਼ਰਧਾ ਪੈਦਾ ਕੀਤੀ। ਘਰ ਦੇ ਆਰਥਿਕ ਹਾਲਾਤ ਸਧਾਰਨ ਸਨ, ਇਸ ਲਈ ਆਪਣੇ ਪਹਿਲੇ ਉਸਤਾਦ ਪਿਤਾ ਜੀ ਤੋਂ ਤਬਲੇ ਦੀ ਸਿੱਖਿਆ ਲਈ। ਦਸ ਸਾਲ ਦੀ ਉਮਰ ਵਿੱਚ ਪਹਿਲੀ ਵਾਰ ਸਟੇਜ ‘ਤੇ ਪਿਤਾ ਜੀ ਨਾਲ ਤਬਲਾ ਵਜਾਉਣ ਦੀ ਸ਼ੁਰੂਆਤ ਕੀਤੀ। ਭਾਈ ਸਾਹਿਬ ਜੀ ਨੇ ਤੇਰਾਂ ਸਾਲ ਦੀ ਉਮਰ ਵਿੱਚ “ਸੰਤਾ ਕੇ ਕਾਰਜਿ ਆਪਿ ਖਲੋਇਆ” ਨਾਮਕ ਕੈਸਟ ਵਿੱਚ ਪਹਿਲੀ ਵਾਰ ਤਬਲਾ ਵਜਾਇਆ, ਜੋ ਕਰਾਊਨ ਕੰਪਨੀ ਵੱਲੋਂ ਜਾਰੀ ਹੋਈ ਅਤੇ ਕਾਫ਼ੀ ਪ੍ਰਸਿੱਧ ਹੋਈ। ਕੰਪਨੀ ਦੇ ਮਾਲਕ ਇੰਨੇ ਪ੍ਰਭਾਵਿਤ ਹੋਏ ਕਿ ਕੈਸਟ ਦੇ ਕਵਰ ‘ਤੇ ਉਨ੍ਹਾਂ ਦੀ ਤਸਵੀਰ ਲਗਾਈ ਗਈ, ਜੋ ਕਿ ਇੰਨੀ ਛੋਟੀ ਉਮਰ ਵਿੱਚ ਉਨ੍ਹਾਂ ਦੀ ਜ਼ਿੰਦਗੀ ਦੀ ਵੱਡੀ ਉਪਲਬਧੀ ਸੀ। ਸੰਗੀਤ ਵਿੱਚ ਡੂੰਘਾਈ ਹਾਸਲ ਕਰਨ ਲਈ ਉਨ੍ਹਾਂ ਨੇ ਪ੍ਰੋਫੈਸਰ ਰਣਜੀਤ ਸਿੰਘ ਜੀ ਤੋਂ ਸਿੱਖਿਆ ਪ੍ਰਾਪਤ ਕੀਤੀ ਅਤੇ 2001 ਤੋਂ 2013 ਤੱਕ ਉਸਤਾਦ ਕੁਲਵਿੰਦਰ ਸਿੰਘ ਜੀ ਕੋਲੋਂ ਕਲਾਸੀਕਲ ਤਬਲੇ ਦੀ ਵਿਸਤ੍ਰਿਤ ਤਾਲੀਮ ਹਾਸਲ ਕੀਤੀ। ਭਾਵੇਂ ਉਸ ਸਮੇਂ ਤੱਕ ਉਹ ਇੱਕ ਤਿਆਰ ਤਬਲਾਵਾਦਕ ਮੰਨੇ ਜਾਂਦੇ ਸਨ, ਪਰ ਆਪਣੇ ਆਪ ਨੂੰ ਹੋਰ ਤਰਾਸ਼ਣ ਲਈ ਉਸਤਾਦ ਜੀ ਦੀ ਸ਼ਰਨ ਲਈ ਅਤੇ ਨਿਰੰਤਰ ਸਾਧਨਾ ਕਰਦੇ ਰਹੇ। ਉਨ੍ਹਾਂ ਅਨੁਸਾਰ: “ਸਿੱਖਣ ਦੀ ਕੋਈ ਸੀਮਾ ਨਹੀਂ। ਜਿੰਨਾ ਸਮੁੰਦਰ ਵਿੱਚ ਡੁੱਬਦੇ ਜਾਓ, ਉਨ੍ਹੀਂ ਹੀ ਡੂੰਘਾਈ ਮਿਲਦੀ ਹੈ।” ਭਾਵੇਂ ਉਨ੍ਹਾਂ ਦੀ ਪਛਾਣ ਇੱਕ ਮਾਹਿਰ ਤਬਲਾਵਾਦਕ ਵਜੋਂ ਬਣੀ, ਪਰ ਬਚਪਨ ਤੋਂ ਹੀ ਕੀਰਤਨ ਦਾ ਸ਼ੌਂਕ ਮਨ ਵਿੱਚ ਵੱਸਿਆ ਹੋਇਆ ਸੀ। ਭਾਈ ਨਿਰਮਲ ਸਿੰਘ ਖਾਲਸਾ ਜੀ ਦੀ ਚੜ੍ਹਾਈ (2020) ਤੋਂ ਬਾਅਦ ਉਨ੍ਹਾਂ ਦਾ ਝੁਕਾਅ ਕੀਰਤਨ ਵੱਲ ਵਧਿਆ। ਉਨ੍ਹਾਂ ਨੇ ਪਿਤਾ ਜੀ ਤੋਂ ਰਾਗਾਂ ਦੀ ਸਿੱਖਿਆ ਲਈ ਅਤੇ ਗੁਰਮਤਿ ਸੰਗੀਤ ਦੀ ਮਰਯਾਦਾ ਅਨੁਸਾਰ ਕੀਰਤਨ ਦੀ ਸ਼ੁਰੂਆਤ ਕੀਤੀ। 2021–22 ਦੌਰਾਨ ਆਪਣੇ ਕੀਰਤਨੀ ਜੱਥੇ ਦੀ ਸਥਾਪਨਾ ਕੀਤੀ। ਅੱਜ ਉਨ੍ਹਾਂ ਦੇ ਨਾਲ ਛੋਟਾ ਭਰਾ ਭਾਈ ਕਰਮਜੀਤ ਸਿੰਘ ਖਾਲਸਾ ਜੀ ਵੀ ਕੀਰਤਨ ਦੀ ਸੇਵਾ ਨਿਭਾ ਰਹੇ ਹਨ। ਭਾਈ ਕਰਮਜੀਤ ਸਿੰਘ ਜੀ ਨੇ ਵੀ ਆਪਣੀ ਸ਼ੁਰੂਆਤ ਤਬਲੇ ਤੋਂ ਕੀਤੀ ਸੀ। ਕੁਝ ਸਮਾਂ ਤਬਲੇ ਦੀ ਸਾਧਨਾ ਕਰਨ ਤੋਂ ਬਾਅਦ ਉਨ੍ਹਾਂ ਨੇ ਆਪਣਾ ਜੱਥਾ ਬਣਾ ਕੇ ਲੰਬੇ ਸਮੇਂ ਤੱਕ ਕੀਰਤਨ ਕੀਤਾ। ਲਗਭਗ 22 ਸਾਲ ਤੱਕ ਉਹ ਹੈਡ ਰਾਗੀ ਵਜੋਂ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ ਹਨ। ਸਾਲ 2025 ਤੋਂ ਉਹ ਆਪਣੇ ਵੱਡੇ ਭਰਾ ਭਾਈ ਕੁਲਜੀਤ ਸਿੰਘ ਜੀ ਨਾਲ ਸਾਈਡ ‘ਤੇ ਕੀਰਤਨ ਦੀ ਸੇਵਾ ਨਿਭਾ ਰਹੇ ਹਨ। ਦੋਨੋਂ ਭਰਾਵਾਂ ਵਿੱਚ ਪਿਆਰ ਅਤੇ ਆਪਸੀ ਸਮਝ ਜੱਥੇ ਦੀ ਵਿਸ਼ੇਸ਼ ਪਛਾਣ ਬਣ ਚੁੱਕੀ ਹੈ। ਦੋਨੋਂ ਭਰਾਵਾਂ ਵੱਲੋਂ ਅੰਮ੍ਰਿਤ ਸਾਗਰ ਰਾਹੀਂ ਇੱਕ ਸ਼ਬਦ ਟਰੈਕ ਵੀ ਰਿਲੀਜ਼ ਕੀਤਾ ਗਿਆ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੀ। ਇਹ ਸ਼ਬਦ “ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ” ਸੰਗਤਾਂ ਵੱਲੋਂ ਬੇਹੱਦ ਪਿਆਰ ਪ੍ਰਾਪਤ ਕਰ ਚੁੱਕਾ ਹੈ। ਇਸ ਰਿਲੀਜ਼ ਵਿੱਚ ਦੋਵੇਂ ਭਰਾ— ਭਾਈ ਕੁਲਜੀਤ ਸਿੰਘ ਖਾਲਸਾ ਅਤੇ ਭਾਈ ਕਰਮਜੀਤ ਸਿੰਘ ਖਾਲਸਾ (ਲੁਧਿਆਣੇ ਵਾਲੇ) — ਜਿਹਨਾਂ ਨੇ ਜੱਥੇ ਦੀ ਇਕਤਾ ਨੂੰ ਬੇਹੱਦ ਮਜ਼ਬੂਤ ਕੀਤਾ। ਅੰਮ੍ਰਿਤਸਾਗਰ ਦੇ ਸਹਿਯੋਗ ਨਾਲ ਆਉਣ ਵਾਲੇ ਸਮੇਂ ਵਿੱਚ ਹੋਰ ਪੰਜ ਟਰੈਕ ਵੀ ਜਾਰੀ ਕੀਤੇ ਜਾਣਗੇ।

ਭਾਈ ਸਾਹਿਬ ਜੀ ਨਵੀਂ ਪੀੜ੍ਹੀ ਨੂੰ ਸੰਦੇਸ਼ ਦਿੰਦੇ ਹਨ ਕਿ ਆਪਣੇ ਆਪ ਨੂੰ ਤਰਾਸ਼ੋ, ਮਿਹਨਤ ਕਰੋ ਅਤੇ ਸਾਧਨਾ ਨਾਲ ਜੁੜੋ। ਜਦੋਂ ਗੁਣਾਂ ਦਾ ਭੰਡਾਰ ਬਣਦਾ ਹੈ, ਤਦ ਮਾਣ-ਸਤਿਕਾਰ ਅਤੇ ਆਰਥਿਕ ਸਥਿਰਤਾ ਆਪਣੇ ਆਪ ਮਿਲਦੀ ਹੈ। ਉਹ ਮਾਪਿਆਂ ਨੂੰ ਵੀ ਅਪੀਲ ਕਰਦੇ ਹਨ ਕਿ ਬੱਚਿਆਂ ਨੂੰ ਛੋਟੀ ਉਮਰ ਤੋਂ ਗੁਰਮਤਿ ਸੰਗੀਤ ਨਾਲ ਜੋੜਿਆ ਜਾਵੇ ਅਤੇ ਉਨ੍ਹਾਂ ਨੂੰ ਸਮਾਂ ਅਤੇ ਹੌਸਲਾ ਦਿੱਤਾ ਜਾਵੇ। ਭਾਈ ਕੁਲਜੀਤ ਸਿੰਘ ਖਾਲਸਾ ਅਤੇ ਭਾਈ ਕਰਮਜੀਤ ਸਿੰਘ ਖਾਲਸਾ ਜੀ ਦੀ ਸੇਵਾ ਇਹ ਦਰਸਾਉਂਦੀ ਹੈ ਕਿ ਗੁਰਮਤਿ ਸੰਗੀਤ ਸਿਰਫ਼ ਕਲਾ ਨਹੀਂ, ਸਗੋਂ ਵਿਰਾਸਤ ਅਤੇ ਪਰਿਵਾਰਕ ਸੰਸਕਾਰਾਂ ਦੀ ਅਮਾਨਤ ਹੈ। ਮਿਹਨਤ, ਨਿਮਰਤਾ ਅਤੇ ਸਮਰਪਣ ਨਾਲ ਕੀਤੀ ਗਈ ਸੇਵਾ ਹੀ ਸੱਚੀ ਰੂਹਾਨੀ ਖੁਸ਼ੀ ਦਾ ਰਾਹ ਹੈ।

ਭਾਈ ਸਾਹਿਬ ਜੀ ਲੁਧਿਆਣਾ ਦੇ ਡਗਰੀ ਇਲਾਕੇ ਵਿੱਚ ਭਾਈ ਹਿੰਮਤ ਸਿੰਘ ਨਗਰ ਵਿਖੇ ਭਾਈ ਕੁਲਜੀਤ ਸਿੰਘ ਖਾਲਸਾ ਤਬਲਾ ਇੰਸਟੀਟਿਊਟ ਰਾਹੀਂ ਆਫਲਾਈਨ ਅਤੇ ਆਨਲਾਈਨ ਰਾਹੀਂ ਦੁਨੀਆਂ ਭਰ ਦੇ ਵਿਦਿਆਰਥੀਆਂ ਨੂੰ ਤਬਲੇ ਅਤੇ ਕੀਰਤਨ ਦੀ ਸਿੱਖਿਆ ਦੇ ਰਹੇ ਹਨ। ਯੂਟਿਊਬ ‘ਤੇ 200 ਤੋਂ ਵੱਧ ਵੀਡੀਓ ਰਾਹੀਂ ਬੱਚਿਆਂ ਨੂੰ ਵਿਦਿਆ ਦੇ ਰਹੇ ਹਨ, ਖ਼ਾਸਕਰ ਉਨ੍ਹਾਂ ਵਿਦਿਆਰਥੀਆਂ ਲਈ ਜੋ ਸਿੱਖਣਾ ਚਾਹੁੰਦੇ ਹਨ ਪਰ ਆਰਥਿਕ ਤੌਰ ‘ਤੇ ਕਮਜ਼ੋਰ ਹਨ, ਯੂਟਿਊਬ ਰਾਹੀਂ ਵੀ ਸਿੱਖ ਸਕਦੇ ਹਨ। ਹੁਣ ਤੱਕ ਉਹ 23 ਦੇਸ਼ਾਂ ਵਿੱਚ ਗੁਰਮਤਿ ਸੰਗੀਤ ਦੀ ਸੇਵਾ ਨਿਭਾ ਚੁੱਕੇ ਹਨ। 2006 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਤਬਲਾ (ਸੋਲੋ) ਵਿੱਚ ਗੋਲਡ ਮੈਡਲ ਅਤੇ 2007 ਵਿੱਚ ਸ੍ਰੀ ਬਾਬਾ ਹਰਵਲਭ ਸੰਗੀਤ ਸੰਮੇਲਨ ਜਲੰਧਰ ਤੋਂ ਸਿਲਵਰ ਮੈਡਲ ਪ੍ਰਾਪਤ ਕਰਨਾ ਉਨ੍ਹਾਂ ਦੀ ਸੰਗੀਤਕ ਯਾਤਰਾ ਵਿੱਚ ਸਭ ਤੋਂ ਵੱਡੀ ਉਪਲਬਧੀ ਹੈ। ਗੁਰੂ ਸਾਹਿਬ ਜੀ ਦੀ ਅਜਿਹੀ ਬਖਸ਼ਿਸ਼ ਹੋਈ ਕਿ ਭਾਈ ਸਾਹਿਬ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਭਾਈ ਨਿਰਮਲ ਸਿੰਘ ਨਾਗਪੁਰੀ ਜੀ ਨਾਲ ਅਤੇ ਫਿਰ 2014 ਤੋਂ 2019 ਤੱਕ ਪਦਮ ਸ੍ਰੀ ਭਾਈ ਨਿਰਮਲ ਸਿੰਘ ਖਾਲਸਾ ਜੀ ਨਾਲ ਤਬਲੇ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਆਪਣੀ ਜੀਵਨ ਯਾਤਰਾ ਬਾਰੇ ਉਹ ਦੱਸਦੇ ਹਨ ਕਿ ਇੱਕ ਵਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਸਾ ਦੀ ਵਾਰ ਦੌਰਾਨ, ਸਿਹਤ ਬਹੁਤ ਖਰਾਬ ਹੋਣ ਦੇ ਬਾਵਜੂਦ, ਅਰਦਾਸ ਕਰਕੇ ਜਦੋਂ ਸੇਵਾ ਸ਼ੁਰੂ ਕੀਤੀ ਤਾਂ ਅਦਭੁਤ ਤਾਕਤ ਦਾ ਅਨੁਭਵ ਹੋਇਆ। ਉਹ ਮੰਨਦੇ ਹਨ ਕਿ ਜਦੋਂ ਅਸੀਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੁਰੂ ਸਾਹਿਬ ਅੱਗੇ ਸਮਰਪਿਤ ਕਰ ਦਿੰਦੇ ਹਾਂ, ਤਦੋਂ ਗੁਰੂ ਜੀ ਆਪ ਸਹਾਈ ਹੁੰਦੇ ਹਨ।

# 499 ਰੁ ਦੀ ਆਡੀਓ ਅਤੇ ਵੀਡੀਓ ਸਬਸਕ੍ਰਿਪਸ਼ਨ ਦੇ ਨਾਲ ਬਾਣੀ ਨਿਰੰਕਾਰ ਬਲੂਟੁੱਥ ਸਪੀਕਰ ਮੁਫ਼ਤ




## ਬਾਣੀ ਨਿਰੰਕਾਰ ਕੁਇਜ਼

ਹਫ਼ਤਾਵਰੀ ਚੁਣੇ ਗਏ ਜੇਤੂ ਨੂੰ ਬਾਣੀ ਨਿਰੰਕਾਰ ਐਪ ਦੀ ਤਿੰਨ ਮਹੀਨਿਆਂ ਦੀ ਸਬਸਕ੍ਰਿਪਸ਼ਨ ਅਤੇ ਹਰ ਮਹੀਨੇ ਦੇ ਜੇਤੂ ਨੂੰ ਬਾਣੀ ਨਿਰੰਕਾਰ ਬਲੂਟੁੱਥ ਸਪੀਕਰ ਮੁਫ਼ਤ ਮਿਲੇਗਾ। ਹੁਣੇ ਹੀ ਜਵਾਬ ਦਿਉ ਸਾਡੇ ਇੰਸਟਾਗ੍ਰਾਮ ਅਤੇ ਫੇਸਬੁੱਕ ਕੁਇਜ਼ ਪੋਸਟ 'ਤੇ।

CLICK HERE




## ਕੀ ਤੁਸੀ ਜਾਣਦੇ ਹੋ ?



ਅਠਾਰ੍ਹਵੀਂ ਸਦੀ ਵਿੱਚ ਸਿੱਖ ਸ਼ਕਤੀ ਨੂੰ ਸੰਗਠਿਤ ਕਰਨ ਲਈ ਸਿੱਖ ਮਿਸਲਾਂ ਦਾ ਇਕੱਠ ਹੋਇਆ। ਸੰਨ ੧੭੬੨ ਈ. ਵਿੱਚ ਸਿੱਖਾਂ ਦੀ ਵਧਦੀ ਤਾਕਤ ਤੋਂ ਘਬਰਾਇਆ ਅਹਿਮਦ ਸ਼ਾਹ ਅਬਦਾਲੀ ਵੱਡਾ ਲਸ਼ਕਰ ਲੈ ਕੇ ਪੰਜਾਬ ਪਹੁੰਚਿਆ ਸੀ। ਸਿੱਖ ਜਥਿਆਂ ਨੇ ਕੁੱਪ ਰੋਹੀੜਾ ਦੇ ਮੈਦਾਨ ਵਿਚ ਡੇਰੇ ਲਾਏ ਹੋਏ ਸਨ, ਜਿਸ ਵਿੱਚ ਬੱਚੇ, ਇਸਤਰੀਆਂ ਤੇ ਬਜ਼ੁਰਗ ਵੀ ਸ਼ਾਮਲ ਸਨ। ਅਹਿਮਦ ਸ਼ਾਹ ਅਬਦਾਲੀ ਨੇ ਚਾਰੇ ਪਾਸਿਓਂ ਸਿੱਖਾਂ 'ਤੇ ਅਚਾਨਕ ਹਮਲਾ ਕਰ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ, ਸ਼ੁਕਰਚੱਕੀਏ, ਡੱਲੇਵਾਲੀਏ ਤੇ ਨਿਸ਼ਾਨਵਾਲੀਏ ਮਿਸਲਾਂ ਦੇ ਸਰਦਾਰਾਂ ਨੇ ਆਪਣੇ-ਆਪਣੇ ਜਥਿਆਂ ਨੂੰ ਹੱਲਾਸ਼ੇਰੀ ਦੇ ਕੇ 'ਜੂਝਣ' ਲਈ ਤਿਆਰ ਕੀਤਾ। ਕੁਤਬਾ ਬਾਹਮਣੀ ਦੇ ਕੋਲ ਭਿਆਨਕ ਲੜਾਈ ਹੋਈ ਜਿਸ ਵਿੱਚ ਸਿੱਖਾਂ ਦਾ ਕਾਫ਼ੀ ਜਾਨੀ-ਮਾਲੀ ਨੁਕਸਾਨ ਹੋਇਆ। ਪਰ ਸਿੱਖਾਂ ਨੇ ਆਪਣੇ ਤੋਂ ਕਈ ਗੁਣਾ ਵੱਧ ਗਿਣਤੀ ਵਿੱਚ ਦੁਸ਼ਮਣ ਦਾ ਦਲੇਰੀ ਨਾਲ ਮੁਕਾਬਲਾ ਕਰਕੇ ਅਬਦਾਲੀ ਦੀ ਫ਼ੌਜ ਨੂੰ ਭਾਜੜਾਂ ਪਾ ਦਿੱਤੀਆਂ। ਇਸ ਘਟਨਾ ਨੂੰ ਸਿੱਖ ਇਤਿਹਾਸ ਵਿੱਚ ਵੱਡਾ ਘੱਲੂਘਾਰਾ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

# Bani Nirankar App Reviews

**Amanndeep Singh khattra**
★★★★★ 07/09/24
🙏🙏🙏🙏Great App 🙏🙏🙏

**Ashu Duggal**
★★★★★ 05/09/24
Osssssmm waheguru jii

**Kamaljeet Kaur**
★★★★★ 22/02/26
ਬਹੁਤ ਹੀ ਵਧੀਆ ਐਪ ਹੈ ਇਸ ਤੇ ਬੱਚੇ ਕੀ ਉਸ ਤੋਂ ਸਿੱਖਦੇ ਹਨ ਜੀ ਨੇ ਵੀ ਬਣਾਈ ਹੈ ਉਹਨਾਂ ਨੂੰ ਲੱਖ ਲੱਖ ਵਧਾਈਆਂ ਜੀ ਥੈਂਕਯੂ ਤੁਹਾਡੇ ਐਪ ਉਹਨਾਂ ਨੇ ਮੈਨੂੰ ਵਾਸਤੇ

**OFFICE WORK**
★★★★★ 17/02/26
Bohut Badiya app hai Ji

**Abhimanyu**
★★★★★ 30/01/26
meher of waheguru ji

**Ajit Chowdhary**
★★★★★ 03/09/24
Anand aa jaata hai sunn kr

**ਆਪਣਾ ਫੀਡਬੈਕ ਦੇਣ ਲਈ ਕਲਿਕ ਕਰੋ** CLICK HERE

# ਪੋਡਕਾਸਟ ਭਾਗ ਵਿੱਚ ਸਿੱਖ ਇਤਿਹਾਸ ਦੀਆਂ ਸਾਖੀਆਂ ਸੁਣੋ

## ਬਾਬਾ ਦਾਤੂ ਜੀ ਦੀ ਈਰਖ਼ਾ




ਬਾਬਾ ਦਾਤੂ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਸਨ। ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰਿਆਈ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੌਂਪ ਗਏ ਸਨ। ਗੁਰਤਾਗੱਦੀ ਉੱਤੇ ਬਿਰਾਜਮਾਨ ਹੋਣ ਤੋਂ ਬਾਅਦ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਆ ਗਏ। ਉੱਥੇ ਬੇਅੰਤ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਨ ਆਉਂਦੀਆਂ ਸਨ। ਸੰਗਤਾਂ ਵੱਡੀ ਗਿਣਤੀ ਵਿੱਚ ਭੇਟਾਵਾਂ ਲੈ ਕੇ ਆਉਂਦੀਆਂ ਅਤੇ ਗੁਰੂ ਦਰਬਾਰ ਵਿੱਚ ਅਤੁੱਟ ਲੰਗਰ ਵਰਤਦਾ ਸੀ। ਗੁਰੂ ਅਮਰਦਾਸ ਜੀ ਦੀ ਮਹਿਮਾ ਦੂਰ-ਦੂਰ ਤੱਕ ਫੈਲ ਚੁੱਕੀ ਸੀ। ਉੱਧਰ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਬਾਬਾ ਦਾਤੂ ਜੀ ਗੱਦੀ ਲਾ ਕੇ ਬੈਠਣ ਲੱਗ ਪਏ, ਕਿਉਂਕਿ ਉਹ ਆਪਣੇ ਪਿਤਾ ਜੀ ਦੀ ਗੱਦੀ ਉੱਤੇ ਆਪਣਾ ਹੱਕ ਸਮਝਦੇ ਸਨ। ਉਨ੍ਹਾਂ ਨੇ ਕੁਝ ਸੇਵਕ ਪ੍ਰਚਾਰ ਲਈ ਰੱਖ ਲਏ ਸਨ, ਜੋ ਸੰਗਤਾਂ ਵਿਚ ਇਹ ਕਹਿੰਦੇ ਫਿਰਦੇ ਸਨ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਗੱਦੀ ਉੱਤੇ ਉਨ੍ਹਾਂ ਦੇ ਸਪੁੱਤਰ ਬਾਬਾ ਦਾਤੂ ਜੀ ਬਿਰਾਜਮਾਨ ਹਨ। ਪਰ ਕੋਈ ਵੀ ਸਿੱਖ ਬਾਬਾ ਦਾਤੂ ਜੀ ਪਾਸ ਗੁਰੂ-ਭਾਵ ਨਾਲ ਮੱਥਾ ਨਹੀਂ ਟੇਕਦਾ ਸੀ। ਇਸ ਤਰ੍ਹਾਂ ਕੁਝ ਸਮਾਂ ਲੰਘ ਗਿਆ। ਨਾ ਕੋਈ ਭੇਟਾ ਲੈ ਕੇ ਆਇਆ ਅਤੇ ਨਾ ਹੀ ਕੋਈ ਮੱਥਾ ਟੇਕਣ ਆਇਆ। ਇਕ ਦਿਨ ਬਾਬਾ ਦਾਤੂ ਜੀ ਦੇ ਕਿਸੇ ਸੰਗੀ ਨੇ ਹਾਸੇ-ਮਖੌਲ ਵਿੱਚ ਕਿਹਾ, "ਤੁਸੀਂ ਗੁਰੂ ਜੀ ਦੇ ਪੁੱਤਰ ਹੋ, ਪਰ ਕੋਈ ਤੁਹਾਨੂੰ ਪੁੱਛਦਾ ਹੀ ਨਹੀਂ। ਨਾ ਕੋਈ ਸਿੱਖ ਆਉਂਦਾ ਹੈ, ਨਾ ਕੋਈ ਭੇਟਾ ਅਰਪਣ ਕਰਦਾ ਹੈ। ਵੇਖੋ, ਓਧਰ ਸ੍ਰੀ ਗੁਰੂ ਅਮਰਦਾਸ ਜੀ ਦਾ ਕਿੰਨਾ ਪ੍ਰਤਾਪ ਹੈ। ਰਾਜੇ-ਮਹਾਰਾਜੇ ਦਰਸ਼ਨ ਕਰਨ ਆਉਂਦੇ ਹਨ ਅਤੇ ਗੋਇੰਦਵਾਲ ਸਾਹਿਬ ਸਿੱਖਾਂ ਦੀ ਭੀੜ ਨਾਲ ਭਰਿਆ ਰਹਿੰਦਾ ਹੈ।" ਇਹ ਗੱਲਾਂ ਸੁਣ ਕੇ ਬਾਬਾ ਦਾਤੂ ਜੀ ਦੀ ਈਰਖਾ ਹੋਰ ਵੱਧ ਗਈ ਅਤੇ ਕ੍ਰੋਧ ਵਿੱਚ ਉਹ ਗੋਇੰਦਵਾਲ ਸਾਹਿਬ ਚਲੇ ਗਏ। ਗੋਇੰਦਵਾਲ ਸਾਹਿਬ ਵਿੱਚ ਗੁਰੂ ਜੀ ਦਾ ਦੀਵਾਨ ਸਜਿਆ ਹੋਇਆ ਸੀ। ਬੇਅੰਤ ਸੰਗਤਾਂ ਗੁਰੂ ਜੀ ਅੱਗੇ ਮੱਥਾ ਟੇਕ ਰਹੀਆਂ ਸਨ ਅਤੇ ਕੀਮਤੀ ਭੇਟਾਵਾਂ ਅਰਪਣ ਕਰ ਰਹੀਆਂ ਸਨ। ਗੁਰੂ ਅਮਰਦਾਸ ਜੀ ਸਿੰਘਾਸਨ ਉੱਤੇ ਬਿਰਾਜਮਾਨ ਸਨ। ਇਹ ਜਾਹੋ-ਜਲਾਲ ਵੇਖ ਕੇ ਬਾਬਾ ਦਾਤੂ ਜੀ ਨੇ ਕ੍ਰੋਧ ਵਿੱਚ ਆ ਕੇ ਗੁਰੂ ਜੀ ਨੂੰ ਲੱਤ ਮਾਰ ਦਿੱਤੀ। ਗੁਰੂ ਅਮਰਦਾਸ ਜੀ ਬਹੁਤ ਬਿਰਧ ਸਰੀਰ ਦੇ ਸਨ, ਜਿਸ ਕਾਰਨ ਉਹ ਸਿੰਘਾਸਨ ਤੋਂ ਹੇਠਾਂ ਡਿੱਗ ਪਏ। ਬਾਬਾ ਦਾਤੂ ਜੀ ਆਪ ਸਿੰਘਾਸਨ ਉੱਤੇ ਬੈਠ ਗਏ। ਗੁਰੂ ਅਮਰਦਾਸ ਜੀ ਨੇ ਬਿਰਧ ਅਵਸਥਾ ਹੋਣ ਦੇ ਬਾਵਜੂਦ ਬੜੇ ਧੀਰਜ ਨਾਲ ਉੱਠ ਕੇ ਬਾਬਾ ਦਾਤੂ ਜੀ ਦੇ ਚਰਨ ਫੜ੍ਹ ਲਏ ਅਤੇ ਬੜੀ ਨਿਮਰਤਾ ਨਾਲ ਕਹਿਣ ਲੱਗੇ, "ਸੇਵਾ ਕਰਦਿਆਂ ਮੇਰਾ ਸਰੀਰ ਕਠੋਰ ਹੋ ਗਿਆ ਹੈ। ਤੁਸੀਂ ਮੇਰੇ ਗੁਰੂ ਜੀ ਦੇ ਸਾਹਿਬਜ਼ਾਦੇ ਹੋ। ਕਿਤੇ ਮੇਰੇ ਕਰਕੇ ਤੁਹਾਡੇ ਕੋਮਲ ਚਰਨਾਂ ਨੂੰ ਸੱਟ ਤਾਂ ਨਹੀਂ ਲੱਗੀ?"

**ਪੂਰੀ ਸਾਖੀ ਸੁਣਨ ਲਈ ਕਲਿੱਕ ਕਰੋ** CLICK HERE

## ਮਾਰਚ ਮਹੀਨਾ ਕੈਲੰਡਰ

| | |
|---|---|
| • ਪੂਰਨਮਾਸੀ | 03 ਮਾਰਚ 2026 |
| • ਹੋਲਾ ਮਹੱਲਾ | 04 ਮਾਰਚ 2026 |
| • ਸੰਗਰਾਂਦ | 14 ਮਾਰਚ 2026 |
| • ਅਰੰਭਤਾ ਸੰਮਤ ਨਾਨਕਸ਼ਾਹੀ ੫੫੮ (ਨਵਾਂ ਸਾਲ) | 14 ਮਾਰਚ 2026 |
| • ਗੁਰਿਆਈ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 17 ਮਾਰਚ 2026 |
| • ਮੱਸਿਆ | 19 ਮਾਰਚ 2026 |
| • ਗੁਰਿਆਈ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | 19 ਮਾਰਚ 2026 |
| • ਜੋਤੀ - ਜੋਤਿ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | 22 ਮਾਰਚ 2026 |
| • ਪੰਚਮੀ | 23 ਮਾਰਚ 2026 |
| • ਜੋਤੀ - ਜੋਤਿ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 23 ਮਾਰਚ 2026 |
| • ਗੁਰਿਆਈ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 31 ਮਾਰਚ 2026 |

# ਬਾਣੀ ਨਿਰੰਕਾਰ ਐਪ ਰਾਹੀਂ ਚੈਰਟੀ ਅਤੇ ਦਾਨ ਕਰੋ

## ਗੁਰਦੁਆਰਾ ਚਮਕੌਰ ਸਾਹਿਬ

ਪੰਜਾਬ ਦੀ ਪਵਿੱਤਰ ਧਰਤੀ 'ਤੇ ਰੋਪੜ ਜ਼ਿਲ੍ਹੇ ਵਿੱਚ ਗੁਰਦੁਆਰਾ ਚਮਕੌਰ ਸਾਹਿਬ ਸੁਸ਼ੋਭਿਤ ਹੈ — ਜਿਸਨੂੰ ਗੁਰਦੁਆਰਾ ਕਤਲਗੜ੍ਹ ਸਾਹਿਬ ਵੀ ਕਿਹਾ ਜਾਂਦਾ ਹੈ। ਇਹ ਸਿੱਖਾਂ ਦਾ ਪ੍ਰਸਿੱਧ ਧਾਰਮਿਕ ਅਸਥਾਨ ਹੈ, ਜਿੱਥੇ ਸਿੱਖ ਧਰਮ ਦੀ ਇਕ ਲਾਸਾਨੀ ਅਤੇ ਵਿਸ਼ਵ-ਪ੍ਰਸਿੱਧ ਜੰਗ ਲੜੀ ਗਈ। ਇਸ ਜੰਗ ਵਿੱਚ ਕੇਵਲ ਚਾਲੀ ਸਿੰਘਾਂ ਨੇ ਲੱਖਾਂ ਦੀ ਮੁਗਲ ਫੌਜ ਦਾ ਡਟ ਕੇ ਮੁਕਾਬਲਾ ਕੀਤਾ। ਇਹ ਯੁੱਧ ਇਤਿਹਾਸ ਵਿੱਚ "ਚਮਕੌਰ ਦੀ ਜੰਗ" ਦੇ ਨਾਮ ਨਾਲ ਪ੍ਰਸਿੱਧ ਹੈ।

**ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲਿਯੇ,**
**ਕਟਾਏ ਬਾਪ ਨੇ ਬੱਚੇ ਜਹਾਂ, ਖ਼ੁਦਾ ਕੇ ਲਿਯੇ।**

ਸਿੱਖਾਂ ਦੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਦੀ ਭਿਆਨਕ ਘੇਰਾਬੰਦੀ ਦੌਰਾਨ ਕਿਲ੍ਹਾ ਛੱਡ ਕੇ ਸਰਸਾ ਨਦੀ ਤੱਕ ਪਹੁੰਚੇ। ਸਰਸਾ ਨਦੀ ਦੇ ਕੰਢੇ ਗੁਰੂ ਜੀ ਦਾ ਪਰਿਵਾਰ ਵਿਛੜ ਗਿਆ। ਇਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਅਤੇ ਸਿੰਘਾਂ ਦੇ ਜੱਥੇ ਸਮੇਤ ਰੋਪੜ ਤੋਂ ਹੁੰਦੇ ਹੋਏ ਚਮਕੌਰ ਸਾਹਿਬ ਪਹੁੰਚੇ। ਗੁਰੂ ਸਾਹਿਬ ਜੀ ਨੂੰ ਸੂਚਨਾ ਮਿਲੀ ਕਿ ਮੁਗਲਾਂ ਦੀ ਵਿਸ਼ਾਲ ਫੌਜ ਉਨ੍ਹਾਂ ਦਾ ਪਿੱਛਾ ਕਰ ਰਹੀ ਹੈ। ਉਸ ਸਮੇਂ ਗੁਰੂ ਜੀ ਦੋ ਜ਼ਮੀਦਾਰ ਭਰਾਵਾਂ ਦੀ ਕੱਚੀ ਗੜ੍ਹੀ ਵਿੱਚ ਚਲੇ ਗਏ। ਇਹ ਗੜ੍ਹੀ ਕਾਫ਼ੀ ਉੱਚੀ ਸੀ ਅਤੇ ਇਸਦਾ ਕੇਵਲ ਇੱਕ ਹੀ ਦਰਵਾਜ਼ਾ ਸੀ। ਇਸ ਅਸਥਾਨ ਤੇ ਗੁਰਦੁਆਰਾ ਗੜ੍ਹੀ ਸਾਹਿਬ ਸੁਸ਼ੋਭਿਤ ਹੈ। 8 ਪੋਹ 1704 ਈਸਵੀ ਨੂੰ ਇਸ ਅਸਥਾਨ 'ਤੇ ਇਤਿਹਾਸ ਦਾ ਇਕ ਵਿਲੱਖਣ ਯੁੱਧ ਲੜਿਆ ਗਿਆ। ਇਕ ਪਾਸੇ ਭੁੱਖੇ-ਭਾਣੇ ਚਾਲੀ ਸਿੰਘ ਕੱਚੀ ਗੜ੍ਹੀ ਵਿੱਚ ਸਨ ਅਤੇ ਦੂਜੇ ਪਾਸੇ ਲੱਖਾਂ ਦੀ ਮੁਗਲ ਫੌਜ ਨੇ ਚਾਰੇ ਪਾਸੇ ਘੇਰਾ ਪਾਇਆ ਹੋਇਆ ਸੀ।

## ਚੈਰਟੀ ਅਤੇ ਦਾਨ

ਤੁਹਾਡਾ ਯੋਗਦਾਨ ਮਹੱਤਵ ਰੱਖਦਾ ਹੈ

- ਹੁਣੇ ਦਾਨ ਕਰੋ
- ਆਓ ਮਿਲ ਕੇ ਬਦਲਾਅ ਕਰੀਏ
- ਕਿਸੇ ਦੀ ਖ਼ੁਸ਼ੀ ਦਾ ਹਿੱਸਾ ਬਣੀਏ







ਪੰਜ-ਪੰਜ ਸਿੰਘਾਂ ਦੇ ਜੱਥੇ ਵਾਰੀ-ਵਾਰੀ ਗੜ੍ਹੀ ਤੋਂ ਬਾਹਰ ਨਿਕਲ ਕੇ ਦੁਸ਼ਮਣਾਂ ਨਾਲ ਟੱਕਰ ਲੈਂਦੇ ਰਹੇ। ਗੁਰੂ ਸਾਹਿਬ ਜੀ ਅਤੇ ਸਿੰਘ ਗੜ੍ਹੀ ਅੰਦਰੋਂ ਤੀਰਾਂ ਅਤੇ ਬੰਦੂਕਾਂ ਨਾਲ ਮੁਕਾਬਲਾ ਕਰਦੇ ਰਹੇ। ਇਸ ਪਾਵਨ ਅਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੇ ਜੰਗ ਦੇ ਮੈਦਾਨ ਵਿੱਚ ਡਟ ਕੇ ਦੁਸ਼ਮਣਾਂ ਦਾ ਸਾਹਮਣਾ ਕੀਤਾ ਅਤੇ ਚੜ੍ਹਦੀ ਕਲਾ ਦੇ ਜੈਕਾਰੇ ਲਗਾਉਂਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ। ਇਸ ਯੁੱਧ ਵਿੱਚ ਪੰਜ ਪਿਆਰਿਆਂ ਵਿੱਚੋਂ ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਅਤੇ ਹੋਰ ਅਨੇਕ ਸਿੰਘਾਂ ਨੇ ਵੀ ਸ਼ਹੀਦੀ ਪ੍ਰਾਪਤ ਕੀਤੀ। ਇਸ ਅਸਥਾਨ 'ਤੇ ਅੱਜ ਗੁਰਦੁਆਰਾ ਕਤਲਗੜ੍ਹ ਸਾਹਿਬ ਸੁਸ਼ੋਭਿਤ ਹੈ, ਜੋ ਸਿੱਖਾਂ ਦੀ ਬੇਮਿਸਾਲ ਸ਼ਹੀਦੀ ਅਤੇ ਅਟੱਲ ਵਿਸ਼ਵਾਸ ਦੀ ਯਾਦਗਾਰ ਹੈ।

**ਗੁਰਦੁਆਰਾ ਚਮਕੌਰ ਸਾਹਿਬ ਦਾ ਇਤਿਹਾਸ ਸੁਣਨ ਲਈ ਕਲਿੱਕ ਕਰੋ** CLICK HERE




# ਵਟਸਐੱਪ ਚੈਨਲ ਵਿੱਚ ਜੁੜਨ ਲਈ ਕਲਿੱਕ ਕਰੋ

## CLICK HERE TO JOIN BANI NIRANKAR WHATSAPP GROUP

## ਰਾਗੀ ਸਾਹਿਬਾਨ ਬਾਣੀ ਨਿਰੰਕਾਰ ਐਪ 'ਤੇ ਵੈਰੀਫਾਈ ਕਰਨ ਲਈ ਕਲਿੱਕ ਕਰੋ

## www.baninirankar.com/raagisahibanregistration

- 20000+ ਘੰਟਿਆਂ ਤੋਂ ਵੱਧ ਉੱਚ ਗੁਣਵੱਤਾ ਵਾਲੀ ਆਡੀਓ ਅਤੇ ਵੀਡੀਓ ਗੁਰਬਾਣੀ ਕੀਰਤਨ
- ਆਪਣੀ ਪਸੰਦੀਦਾ ਭਾਸ਼ਾ ਅੰਗਰੇਜ਼ੀ ਜਾਂ ਪੰਜਾਬੀ ਵਿੱਚ ਬਾਣੀ ਨਿਰੰਕਾਰ ਐਪ ਦਾ ਆਨੰਦ ਮਾਣ ਸਕਦੇ ਹੋ।
- ਗੁਰਬਾਣੀ ਪੜ੍ਹੋ ਅਤੇ ਨਾਲ ਹੀ ਸੁਣੋ
- ਦੁਨੀਆਂ ਭਰ ਦੇ ਗੁਰਦੁਆਰਿਆਂ ਤੋਂ ਸਿੱਧਾ ਪ੍ਰਸਾਰਣ
- ਸਾਖੀਆਂ ਦੀ 1000+ ਘੰਟੇ ਦੀ ਆਡੀਓ
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਡੀਓ ਅਤੇ ਵੀਡਿਓ ਗੁਰਬਾਣੀ ਰਿਕਾਰਡਿੰਗ।
- ਸਿੱਖ ਧਰਮ ਦੇ ਉਤਪਾਦਾਂ ਦੀ ਆਨਲਾਈਨ ਦੁਕਾਨ
- ਡੋਨੇਸ਼ਨ ਪੋਰਟਲ




### Bani Nirankar Team

| | |
|---|---|
| Managing Director | - Vipul Pradhan |
| Writer & Designer | - Navjot Kaur |
| Manager Operations | - Vishal Mandavariya<br>Abhishek Chitapol |
| Special Thanks | - Bhai Kuljeet Singh Ji Khalsa (Ludhiana Wale)<br>Balbir Singh Bhatia (Amritt Saagar)<br>Karanpreet Singh Bhatia (Amritt Saagar) |

www.baninirankar.com

For Ads on newsletter and application contact email - support@baninirankar.com

DOWNLOAD OUR APP

Download on App Store

GET IT ON Google Play

www.baninirankar.com

Further Queries use email :
support@baninirankar.com
For Support Call :
90 51 50 1313

JOIN US NOW
/BaniNirankar13